# ਸ਼ਬਦ ਹਜਾਰੇ

# ਪਾ: ੧੦

ੴ ਸਤਿਗੁਰ ਪ੍ਰਸਾਦਿ॥

ਰਾਮਕਲੀ ਪਾਤਸਾਹੀ ੧੦

ਰੇ ਮਨ ਐਸੋ ਕਰਿ ਸੰਨਿਆਸਾ॥ ਬਨ ਸੇ ਸਦਨ ਸਬੈ ਕਰਿ ਸਮਝਹੁ ਮਨਹੀ ਮਾਹਿ ਉਦਾਸਾ॥੧॥ਰਹਾਉ॥ ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥ ਗਯਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥੧॥ ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥ ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥੨॥ ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ

ਲਯਾਵੈ॥ ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ॥੩॥ ੧॥

ਰਾਮਕਲੀ ਪਾਤਸ਼ਾਹੀ ੧੦

ਰੇ ਮਨ ਇਹ ਬਿਧਿ ਜੋਗੁ ਕਮਾਓ॥ ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜਾਓ॥੧॥ਰਹਾਉ॥ ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ॥ ਬਾਜੈ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ॥ ਉਘਟੈ ਤਾਨ ਤਰੰਗ ਰੰਗਿ ਅਤਿ ਗਯਾਨ ਗੀਤ ਬੰਧਾਨੰ॥ ਚਕਿ ਚਕਿ ਰਹੈ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ॥੨॥ ਆਤਮ ਉਪਦੇਸੁ ਭੇਸੁ ਸੰਜਮ ਕੋ ਜਾਪੁ ਸੁ ਅਜਪਾ ਜਾਪੇ॥

ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਿਆਪੇ॥੩॥ ੨॥

ਰਾਮਕਲੀ ਪਾਤਸਾਹੀ ੧੦

ਪ੍ਰਾਨੀ ਪਰਮ ਪੁਰਖ ਪਗ ਲਾਗੋ॥ ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥੧॥ਰਹਾਉ॥ ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥ ਸਿੰਚਤ ਕਹਾ ਪਰੇ ਬਿਖਯਨ ਕਹ ਕਬਹੂ ਬਿਖੈ ਰਸ ਤਿਆਗੋ॥੧॥ ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥ ਸੰਗ੍ਰਹੁ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥੨॥ ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ॥ ਜੌ ਸੁਖ ਚਾਹੋ

ਸਦਾ ਸਭਨ ਕੋ ਤੌ ਹਰਿ ਕੇ ਰਸ ਪਾਗੌ॥੩॥

## ਸੋਰਠਿ ਪਾਤਸ਼ਾਹੀ ੧੦

ਪ੍ਰਭ ਜੂ ਤੋ ਕਹ ਲਾਜ ਹਮਾਰੀ॥ ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ॥੧॥ਰਹਾਉ॥ ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪਉਨ ਅਹਾਰੀ॥ ਮਾਧਵ ਮਹਾ ਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ॥੧॥ ਨ੍ਰਿਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ॥ ਕ੍ਰਿਪਾ ਸਿੰਧ ਕਾਲ ਤ੍ਰਿ ਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ॥੨॥ ਧਨੁਰਪਾਨ ਧ੍ਰਿਤ ਮਾਨ

ਧਰਾਧਰ ਅਨ ਬਿਕਾਰ ਅਸਿ ਧਾਰੀ॥ ਹੌ ਮਤਿ ਮੰਦ ਚਰਨ ਸਰਨਾਗਤਿ ਕਰਿ ਗਹਿ ਲੇਹੁ ਉਬਾਰੀ॥੩॥੪॥

ਰਾਗੁ ਕਲਿਆਣ ਪਾਤਸਾਹੀ ੧੦

ਬਿਨ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥੧॥ਰਹਾਉ॥ ਕਹਾ ਭਯੋ ਜੋ ਆਨਿ ਜਗਤ ਮੈ ਦਸਕ ਅਸੁਰ ਹਰਿ ਘਾਏ॥ ਅਧਿਕ ਪਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮ ਕਹਾਏ॥੧॥ ਭੰਜਨ ਗੜਨ ਸਮਰਥ ਸਦਾ ਪ੍ਰਭੁ ਸੋ ਕਿਮਿ ਜਾਤਿ ਗਿਨਾਯੋ॥ ਤਾ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ॥੨॥ ਕੈਸੇ ਤੋਹਿ

ਤਾਰਿ ਹੈ ਸੁਨਿ ਜੜ ਆਪ ਡੁਬਿਓ ਭਵ ਸਾਗਰ॥ ਛੁਟਿਹੋ ਕਾਲ ਫਾਸ ਤੇ ਤਬਹੀ ਗਹੋ ਸਰਨਿ ਜਗਤਾਗਰ॥੩॥੫॥

## ਖਿਆਲ ਪਾਤਸਾਹੀ ੧੦

ਮਿਤ੍ਰ ਪਿਆਰੇ ਨੂ ਹਾਲ ਫਕੀਰਾਂ ਦਾ ਕਹਿਣਾ॥ ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥ ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ॥ ਯਾਰੜੇ ਦਾ ਸਾਨੂ ਸੱਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ॥੧॥ ੬॥

## ਤਿਲੰਗ ਕਾਫੀ ਪਾਤਸਾਹੀ ੧੦

ਕੇਵਲ ਕਾਲਈ ਕਰਤਾਰ॥ ਆਦਿ ਅੰਤਿ ਅਨੰਤਿ ਮੂਰਤਿ ਗੜਨ ਭੰਜਨ

ਹਾਰ॥੧॥ਰਹਾਉ॥ ਨਿੰਦ ਉਸਤਤਿ ਜਉਨ ਕੇ ਸਮ ਸਤ੍ਰ ਮਿਤ੍ਰ ਨ ਕੋਇ॥ ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ॥੧॥ ਤਾਤ ਮਾਤ ਨ ਜਾਤ ਜਾ ਕਰ ਪੁਤ੍ਰ ਪੌਤ੍ਰ ਮੁਕੰਦ॥ ਕਉਨ ਕਾਜਿ ਕਹਾਹਿਗੇ ਜਗ ਆਨਿ ਦੇਵਕਿ ਨੰਦ॥੨॥ ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ॥ ਕਉਨ ਉਪਮਾ ਤਉਨ ਕੋ ਮੁਖ ਲੇਤ ਨਾਮੁ ਮੁਰਾਰਿ॥੩॥੭॥

## ਰਾਗੁ ਬਿਲਾਵਲੁ ਪਾਤਸਾਹੀ ੧੦

ਸੋ ਕਿਮਿ ਮਾਨਸ ਰੂਪ ਕਹਾਏ॥ ਸਿਧਯ ਸਮਾਧਿ ਸਾਧਿ ਕਰਿ ਹਾਰੇ ਕਿਉ ਹੂ ਨ ਦੇਖਨ ਪਾਏ॥੧॥ ਰਹਾਉ॥ ਨਾਰਦ

ਬਿਆਸ ਪਰਾਸਰ ਧ੍ਰੂਅ ਸੇ ਧਿਆਵਤ ਧਿਆਨ ਲਗਾਏ॥ ਬੇਦ ਪੁਰਾਨ ਹਾਰਿ ਹਠ ਛਾਡਿਓ ਤਦਪਿ ਧਯਾਨ ਨ ਆਏ॥੨॥ ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹਿ ਨੇਤਿ ਕਹਾਏ॥ ਸੂਛਮ ਤੇ ਸੂਛਮ ਕਰਿ ਚੀਨੇ ਬ੍ਰਿਧਨ ਬ੍ਰਿਧ ਬਤਾਏ॥੩॥ ਭੂਮਿ ਅਕਾਸ ਪਤਾਲ ਸਬੈ ਸਜਿ ਏਕ ਅਨੇਕ ਸਦਾਏ॥ ਸੋ ਨਰ ਕਾਲ ਫਾਂਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ॥ ੪॥੯॥

## ਦੇਵ ਗੰਧਾਰੀ ਪਾਤਸਾਹੀ ੧੦

ਇਕ ਬਿਨੁ ਦੂਸਰ ਸੋ ਨ ਚਿਨਾਰ॥ ਭੰਜਨ ਗੜਨ ਸਮਰੱਥ ਸਦਾ ਪ੍ਰਭ ਜਾਨਤ ਹੈ ਕਰਤਾਰ॥੧॥ਰਹਾਉ॥ ਕਹਾ ਭਯੋ ਜੋ

ਅਤਿ ਹਿਤ ਚਿਤ ਕਰਿ ਬਹੁ ਬਿਧਿ ਸਿਲਾ ਪੁਜਾਈ॥ ਪਾਨ ਥਕੇ ਪਾਹਨ ਕਹ ਪਰਸਤ ਕਛੁ ਕਰਿ ਸਿੱਧ ਨ ਆਈ॥੧॥ ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ॥ ਤਾ ਮੈ ਕਹਾ ਸਿਧਯ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ॥੨॥ ਜੌਂ ਜੀਅ ਹੋਤ ਦੇਤ ਕਛੁ ਤੁਹਿ ਕਰ ਮਨ ਬਚ ਕਰਮ ਬਿਚਾਰ॥ ਕੇਵਲ ਏਕ ਸਰਣਿ ਸੁਆਮੀ ਬਿਨੁ ਯੌਂ ਨ ਕਤਹਿ ਉਧਾਰ॥ ੩॥੯॥

ਦੇਵ ਗੰਧਾਰੀ ਪਾਤਸ਼ਾਹੀ ੧੦

ਬਿਨੁ ਹਰਿ ਨਾਮ ਨ ਬਾਚਨ ਪੈ ਹੈ॥ ਚੌਦਹ ਲੋਕ ਜਾਹਿ ਬਸਿ ਕੀਨੇ ਤਾਤੇ ਕਹਾ ਪਲੈ ਹੈ॥੧॥ਰਹਾਉ॥ ਰਾਮ ਰਹੀਮ ਉਬਾਰ

ਨ ਸਾਕਿ ਹੈ ਜਾ ਕਰਿ ਨਾਮੁ ਰਟੈ ਹੈ॥ ਬ੍ਰਹਮਾ ਬਿਸਨੁ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ॥੧॥ ਬੇਦ ਪੁਰਾਨ ਕੁਰਾਨ ਸਬੈ ਮਤ ਜਾ ਕਰ ਨੇਤਿ ਕਹੈ ਹੈ॥ ਇੰਦਰ ਫਨਿੰਦਰ ਮੁਨਿੰਦਰ ਕਲਪ ਬਹੁ ਧਯਾਵਤ ਧਿਆਨ ਨ ਐਹੈ॥੨॥ ਜਾ ਕਹ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਯਾਮ ਕਹੈ ਹੈ॥ ਛੁਟ ਹੋ ਕਾਲ ਜਾਲ ਤੇ ਤਬ ਹੀ ਤਾਹਿ ਚਰਨ ਲਪਟੈ ਹੈ॥੩॥੧੦॥